# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
# ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ
# ਪੰਜਾਬ ਐਸ.ਸੀ.ਓ. 104-106, ਸੈਕਟਰ 34 ਏ, ਚੰਡੀਗੜ੍ਹ

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ)
ਪੰਜਾਬ

ਮੀਮੋ ਨੰ. ਏ.ਐਸ.ਪੀ.ਡੀ(ਮੀਡੀਆ)/ਐਸ.ਐਸ.ਏ/2010/23337-23356
ਮਿਤੀ ਚੰਡੀਗੜ੍ਹ 02.02.2010

**ਵਿਸ਼ਾ:- ਸਕੂਲੋਂ ਬਾਹਰੇ ਬੱਚਿਆਂ ਦੇ ਸਬੰਧ ਵਿੱਚ ਚੇਤਨਾ ਮਸ਼ਾਲ ਮਾਰਚ ਕੱਢਣ ਸਬੰਧੀ।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਸਕੂਲੋ ਬਾਹਰੇ ਬੱਚਿਆਂ ਨੂੰ ਸਕੂਲਾਂ ਅੰਦਰ ਦਾਖਲ ਕਰਵਾਉਣ ਅਤੇ ਸਮਾਜਕ ਜਾਗਰੂਕਤਾ ਸਬੰਧੀ ਮਿਤੀ 1 ਫਰਵਰੀ ਤੋਂ 25 ਫਰਵਰੀ ਤੱਕ ਚੇਤਨਾ ਮਸ਼ਾਲ ਮਾਰਚ ਕੱਢਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਜਿਸ ਦਾ ਰੂਟ ਚਾਰਟ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ. | ਮਿਤੀ | ਜ਼ਿਲ੍ਹੇ ਦਾ ਨਾਂ |
|---|---|---|
| 1. | 1 ਫਰਵਰੀ | ਫਤਿਹਗੜ੍ਹ ਸਾਹਿਬ |
| 2 | 2 ਫਰਵਰੀ | ਪਟਿਆਲਾ |
| 3 | 3 ਫਰਵਰੀ | ਸੰਗਰੂਰ |
| 4 | 4 ਫਰਵਰੀ | ਬਰਨਾਲਾ |
| 5 | 5 ਫਰਵਰੀ | ਮਾਨਸਾ |
| 6 | 6 ਫਰਵਰੀ | ਬਠਿੰਡਾ |
| 7 | 8 ਫਰਵਰੀ | ਮੁਕਤਸਰ |
| 8 | 9 ਫਰਵਰੀ | ਫਿਰੋਜ਼ਪੁਰ |
| 9 | 10 ਫਰਵਰੀ | ਫਰੀਦਕੋਟ |
| 10 | 11 ਫਰਵਰੀ | ਮੋਗਾ |
| 11 | 15 ਫਰਵਰੀ | ਲੁਧਿਆਣਾ |
| 12 | 16 ਫਰਵਰੀ | ਜਲੰਧਰ |
| 13 | 17 ਫਰਵਰੀ | ਕਪੂਰਥਲਾ |
| 14 | 18 ਫਰਵਰੀ | ਤਰਨਤਾਰਨ |
| 15 | 19 ਫਰਵਰੀ | ਅੰਮ੍ਰਿਤਸਰ |
| 16 | 20 ਫਰਵਰੀ | ਗੁਰਦਾਸਪੁਰ |
| 17 | 22 ਫਰਵਰੀ | ਹੁਸ਼ਿਆਰਪੁਰ |
| 18 | 23 ਫਰਵਰੀ | ਨਵਾਂਸ਼ਹਿਰ |
| 19 | 24 ਫਰਵਰੀ | ਰੋਪੜ |
| 20 | 25 ਫਰਵਰੀ | ਮੁਹਾਲੀ |

3.0 ਹਰੇਕ ਜ਼ਿਲ੍ਹਾ ਸਿੱਖਿਆ ਅਫ਼ਸਰ ਰੂਟ ਚਾਰਟ ਨੂੰ ਅਨੁਸਾਰ ਹੇਠ ਲਿਖੀਆਂ ਹਦਾਇਤਾਂ ਦੀ ਪਾਲਣਾ ਕਰਨੀ ਵੀ ਯਕੀਨੀ ਬਣਾਏਗਾ :-

(ੳ) ਹਰੇਕ ਜ਼ਿਲ੍ਹਾ ਆਪਣੇ ਪੱਧਰ ਤੇ ਆਪਨਾ ਰੂਟ ਚਾਰਟ ਬਣਾਏਗਾ ਅਤੇ ਬਣਾਏ ਗਏ ਰੂਟ ਚਾਰਟ ਅਨੁਸਾਰ ਇਕ ਦਿਨ ਮਸ਼ਾਲ ਆਪਣੇ ਕੋਲ ਰੱਖੇਗਾ। ਰੂਟ ਚਾਰਟ ਰਾਹੀਂ ਮਸ਼ਾਲ ਨੂੰ ਆਪਣੇ ਜ਼ਿਲ੍ਹੇ ਅੰਦਰ ਘੁੰਮਾਇਆ ਜਾਵੇਗਾ।

(ਅ) ਜਿਸ ਮਿਤੀ ਨੂੰ ਜ਼ਿਲ੍ਹੇ ਅੰਦਰ ਮਸ਼ਾਲ ਮਾਰਚ ਹੋਵੇਗਾ ਉਸੇ ਦਿਨ ਸ਼ਾਮ ਨੂੰ ਅਗਲੇ ਪ੍ਰਾਪਤ ਕਰਨ ਵਾਲੇ ਜ਼ਿਲ੍ਹੇ ਦੀ ਹੱਦ ਤੇ ਮਸ਼ਾਲ ਨੂੰ ਪਹੁੰਚਾਇਆ ਵੀ ਜਾਵੇਗਾ ਤੇ ਇਹ ਮਸ਼ਾਲ ਅਗਲੇ ਜ਼ਿਲ੍ਹੇ ਦਾ ਬੀ.ਪੀ.ਈ.ਓ. ਪ੍ਰਾਪਤ ਕਰੇਗਾ।

**ਚੱਲਦਾ ਪੰਨਾ ਨੰ. 02**

(ੲ) ਜ਼ਿਲ੍ਹੇ ਅੰਦਰ ਮਸ਼ਾਲ ਮਾਰਚ ਸਹੀ ਸਵੇਰੇ 9:00 ਵਜੇ ਸ਼ੁਰੂ ਹੋਇਆ ਕਰੇਗਾ।

(ਸ) ਬੀ.ਪੀ.ਈ.ਓ. ਦੇ ਨਾਲ ਅਗਲੇ ਜ਼ਿਲ੍ਹੇ ਤੋਂ ਮਸ਼ਾਲ ਲੈਣ ਅਤੇ ਦੇਣ ਦੀ ਜ਼ਿੰਮੇਵਾਰੀ ਏ.ਆਈ.ਈ. ਕੋਆਰਡੀਨੇਟਰ ਦੀ ਹੋਵੇਗੀ।

(ਹ) ਇਹ ਮਸ਼ਾਲ ਮਾਰਚ ਪੈਦਲ, ਸਾਇਕਲਾਂ ਰਾਹੀਂ, ਮੋਟਰਸਾਇਕਲਾਂ ਰਾਹੀਂ ਜਾਂ ਫਿਰ ਖੁੱਲ੍ਹੀ ਜੀਪ ਰਾਹੀਂ ਕਾਫਲੇ ਦੇ ਰੂਪ ਵਿੱਚ ਹੋਵੇਗਾ।

(ਕ) ਹਰੇਕ ਜ਼ਿਲ੍ਹੇ ਅੰਦਰ ਇਕ ਸਾਂਝੇ ਕੇਂਦਰ ਬਿੰਦੂ ਤੇ ਇਕ ਜਾਂ ਡੇਢ ਘੰਟੇ ਦਾ ਜਨਤਾ ਨੂੰ ਜਾਗਰੂਕ ਕਰਨ ਲਈ ਜ਼ਰੂਰ ਇਕੱਠ ਕੀਤਾ ਜਾਵੇਗਾ। ਇਸ ਵਿੱਚ ਵਿਭਾਗ ਵੱਲੋਂ ਭੇਜੀ ਗਈ ਸੀ.ਡੀ. ਜਿਸ ਵਿੱਚ ਸਿੱਖਿਆ ਵਿਭਾਗ ਦਾ ਸੰਦੇਸ਼ ਹੈ ਅਤੇ **''ਮਸ਼ਾਲਾਂ ਬਾਲ ਕੇ ਚੱਲਣਾ ਜਦ ਤੱਕ ਰਾਤ ਬਾਕੀ ਹੈ''** ਦੀ ਕੋਰੀਓਗ੍ਰਾਫ਼ੀ ਪ੍ਰੋਜੈਕਟਰ ਰਾਹੀਂ ਦਿਖਾਉਣੀ ਲਾਜ਼ਮੀ ਹੋਵੇਗੀ ।

(ਖ) ਹਰੇਕ ਜ਼ਿਲ੍ਹੇ ਅੰਦਰ ਇਕ ਸਾਂਝਾ ਪ੍ਰੋਗਰਾਮ 2:00 ਵਜੇ ਕੀਤਾ ਜਾਵੇਗਾ। ਜਿਸ ਵਿੱਚ ਸਮੂਹ ਬੀ.ਪੀ.ਈ.ਓ., ਬੀ.ਆਰ.ਪੀ.,ਜ਼ਿਲ੍ਹਾ ਪ੍ਰੋਜੈਕਟ ਕੋਆਰਡੀਨੇਟਰ, ਏ.ਆਈ.ਈ. ਕੋਆਰਡੀਨੇਟਰ, ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ, ਸੀ.ਐਮ.ਟੀ. ਅਤੇ ਬੀ.ਐਮ.ਟੀ. ਦੀ ਭਰਵੀਂ ਹਾਜ਼ਰੀ ਵਿੱਚ ਬੱਚਿਆਂ ਦੇ ਸਕੂਲ ਵਿੱਚ ਦਾਖਲਾ ਮੁਹਿੰਮ ਸਬੰਧੀ ਗੱਲ ਕੀਤੀ ਜਾਵੇਗੀ।

(ਗ) ਬੱਚਿਆਂ ਦੇ ਦਾਖਲੇ ਸਬੰਧੀ ਜਿੱਥੇ ਸਮਾਜ ਵਿੱਚ ਜਾਗਰੂਕਤਾ ਪੈਦਾ ਕਰਨ ਦਾ ਸੰਦੇਸ਼ ਦਿੱਤਾ ਜਾਵੇਗਾ ਉੱਥੇ ਸਕੂਲ ਪੱਧਰ ਤੱਕ ਇਹ ਸੰਦੇਸ਼ ਦੇਣ ਪੱਖੋਂ ਅਧਿਆਪਕਾਂ ਨੂੰ ਵੱਧ ਤੋਂ ਵੱਧ ਬੱਚੇ ਸਰਕਾਰੀ ਸਕੂਲਾਂ ਅੰਦਰ ਦਾਖਲ ਕਰਨ ਸਬੰਧੀ ਪ੍ਰੇਰਿਤ ਕੀਤਾ ਜਾਵੇਗਾ।

(ਘ) ਭਾਵੇਂ ਕਿ ਸਾਲ 2010-11 ਲਈ ਬੱਚਿਆਂ ਦਾ ਦਾਖਲਾ ਅਪ੍ਰੈਲ ਮਹੀਨੇ ਵਿੱਚ ਹੁੰਦਾ ਹੈ ਪਰ ਇਹ ਮਸ਼ਾਲ ਮਾਰਚ ਦੀ ਰੌਸ਼ਨੀ ਦੇ ਵਿੱਚ ਇਹ ਦਾਖਲਾ ਮੁਹਿੰਮ ਫਰਵਰੀ ਮਹੀਨੇ ਵਿੱਚ ਹੀ ਸ਼ੁਰੂ ਕੀਤੀ ਜਾਵੇਗੀ। ਪਰ ਬੱਚਿਆਂ ਦਾ ਸ਼ੈਸਨ ਅਪ੍ਰੈਲ 2010 ਤੋਂ ਹੀ ਮੰਨਿਆ ਜਾਵੇਗਾ।

(ਙ) ਮਸ਼ਾਲ ਨੂੰ ਪੂਰਨ ਸਨਮਾਨ ਸਹਿਤ ਰੱਖਿਆ ਜਾਵੇਗਾ।

(ਚ) ਮਸ਼ਾਲ ਕਾਫ਼ਲੇ ਦੇ ਰੂਪ ਵਿੱਚ ਲਿਜਾਣ ਸਮੇਂ ਆਪਣੇ ਜ਼ਿਲ੍ਹੇ ਦੀਆਂ ਅਤੇ ਸਿੱਖਿਆ ਵਿਭਾਗ ਦੀਆਂ ਪ੍ਰਾਪਤੀਆਂ ਦੇ ਬੈਨਰਾਂ ਨਾਲ ਖਾਸ ਕਰਕੇ ਪੜ੍ਹੋ ਪੰਜਾਬ ਪ੍ਰੋਗਰਾਮ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਥਾਂ-ਥਾਂ ਕੀਤਾ ਜਾਵੇਗਾ।

(ਛ) ਸਮੂਹ ਜ਼ਿਲ੍ਹਾ ਸਿੱਖਿਆ ਅਧਿਕਾਰੀ ਚੇਤਨਾ ਮਸ਼ਾਲ ਮਾਰਚ ਦੇ ਪ੍ਰੋਗਰਾਮ ਵਿੱਚ ਜ਼ਿਲ੍ਹੇ ਅੰਦਰ ਸਾਂਝੀ ਥਾਂ ਤੇ ਕੀਤੇ ਜਾਣ ਵਾਲੇ ਪ੍ਰੋਗਰਾਮ ਵਿੱਚ ਲਾਜ਼ਮੀ ਸ਼ਾਮਲ ਹੋਣਗੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਤ ਪਿੱਠਅੰਕਣ ਨੰ:-ਉਕਤ/23357 ਮਿਤੀ 02.02.2010

ਉਤਾਰਾ: -(1) ਸਮੂਹ ਸਰਕਲ ਅਫ਼ਸਰ, ਫਰੀਦਕੋਟ, ਨਾਭਾ ਅਤੇ ਜਲੰਧਰ।

(2) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ।

(3) ਡੀ.ਐਮ.(ਐਮ.ਆਈ.ਐਸ) ਵੈੱਬਸਾਇਟ ਤੇ ਪਾਉਣ ਲਈ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**